
## ਸੰਪਾਦਕੀ




# 'ਬਿਰਤਾਂਤ ਦੀ ਜੰਗ' ਨੂੰ ਸਮਝਦਿਆਂ

**ਅੱ**ਜਕੱਲ੍ਹ ਹਰ ਕੋਈ ਬਿਰਤਾਂਤ ਦੀ ਗੱਲ ਕਰ ਰਿਹਾ ਹੈ।
ਹਰ ਜਾਮਨ ਤੇ ਜ਼ਹੀਨ ਜ਼ਿਹਨ, 'ਬਿਰਤਾਂਤਾਂ ਦੀ ਜੰਗ' ਨੂੰ ਸਮਝਣ ਵਿਚ ਦਿਲਚਸਪੀ ਦਿਖਾ ਰਿਹਾ ਹੈ। ਇਸ ਅਵੱਲੀ ਜੰਗ ਨੇ ਹਰ ਦਿਲ-ਓ-ਦਿਮਾਗ 'ਤੇ ਪ੍ਰਭਾਵ ਪਾਇਆ ਹੈ ਅਤੇ ਅਨੇਕਾਂ ਸੁਆਲ ਪੈਦਾ ਕੀਤੇ ਹਨ। **ਸੰਵਾਦ** ਦਾ ਇਹ ਵਿਸ਼ੇਸ਼ ਅੰਕ, ਇਨ੍ਹਾਂ ਸੁਆਲਾਂ ਨੂੰ ਮੁਖ਼ਾਤਿਬ ਹੋਣ ਲਈ ਹੀ ਵਿਉਂਤਿਆ ਗਿਆ ਹੈ।

ਇਨ੍ਹਾਂ ਸੁਆਲਾਂ ਵਿਚ; ਇਹ ਬਿਰਤਾਂਤ ਕੀ ਹਨ ਅਤੇ ਵਿਚਾਰਾਂ ਦੀ ਜੰਗ ਵਿਚ ਇਨ੍ਹਾਂ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ? ਕਾਉਂਟਰ-ਬਿਰਤਾਂਤ ਇਨ੍ਹਾਂ ਦਾ ਮੁਕਾਬਲਾ ਕਿਵੇਂ ਕਰਦੇ ਹਨ? ਮੈਦਾਨ-ਏ-ਜੰਗ ਵਿਚ ਜਿੱਤ-ਹਾਰ ਲਈ ਇਹ ਕਿਵੇਂ ਹਥਿਆਰਾਂ ਦਾ ਕੰਮ ਕਰਦੇ ਹਨ? ਇਹ ਸਾਡੇ ਸਮਾਜਾਂ ਦੇ ਸਰੂਪ ਦੀ ਅਧਾਰ-ਸ਼ਿਲਾ ਕਿਵੇਂ ਬਣਦੇ ਹਨ? ਬਿਰਤਾਂਤਾਂ ਦੀ ਇਹ ਲੜਾਈ ਸਾਡੇ ਸਮਾਜ ਦੇ ਨਵੇਂ ਅਧਿਆਇ ਕਿਵੇਂ ਲਿਖਦੀ ਹੈ? ਅਤੇ ਇਹ ਰਾਜਾਂ, ਦੇਸਾਂ ਤੇ ਕੌਮਾਂਤਰੀ ਸਮੀਕਰਨਾਂ ਬਣਾਉਣ ਵਿਚ ਕਿਵੇਂ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ? ਆਦਿ ਪ੍ਰਮੁਖ ਹਨ।

ਮਨੁੱਖ ਦੇ 'ਮਨੁੱਖ' ਹੋਣ ਪਿੱਛੇ ਵੀ 'ਬਿਰਤਾਂਤ ਸਿਰਜਣ' ਪਿਆ ਹੈ। ਸਾਰੇ ਜੀਵ-ਜੰਤੂਆਂ ਵਿਚੋਂ ਇਕ ਮਨੁੱਖ ਹੀ ਭਾਸ਼ਾ ਸਿਰਜਣ/ਵਰਤਣ ਦੀ ਯੋਗਤਾ ਕਰਕੇ ਵੱਖਰਾ ਤੇ ਸਮਝਦਾਰ ਹੈ। ਇਸੇ ਯੋਗਤਾ ਕਰਕੇ ਇਸਨੇ ਕਹਾਣੀਆਂ ਜਾਂ ਬਿਰਤਾਂਤ ਬਣਾਏ ਅਤੇ ਇਹ ਬਾਕੀ ਜੀਵਾਂ ਤੋਂ ਬੇਹਤਰ ਹੋਇਆ। ਬਾਕੀ ਸਮੂਹਾਂ ਨਾਲੋਂ ਜਿਹੜੇ ਸਮੂਹ ਵਧੇਰੇ ਤਾਕਤਵਰ ਹਨ, ਉਹ ਬੇਹਤਰ ਬਿਰਤਾਂਤ ਸਿਰਜਣ ਕਰਕੇ ਹਨ। ਮਨੁੱਖ ਦਾ ਸਫ਼ਲ, ਤਾਕਤਵਰ ਤੇ ਬੇਹਤਰ ਹੋਣ ਦਾ ਰਾਜ ਬਿਰਤਾਂਤਾਂ ਵਿਚ ਛੁਪਿਆ ਹੋਇਆ ਹੈ। ਮਨੁੱਖੀ ਇਤਿਹਾਸ ਸਿਰਫ਼ ਤੱਥਾਂ ਦਾ ਹੀ ਨਹੀਂ, ਸਗੋਂ ਬਿਰਤਾਂਤਾਂ ਦਾ ਇਕ ਜਟਿਲ ਤਾਣਾ-ਬਾਣਾ ਹੈ। ਬਿਰਤਾਂਤ ਇਤਿਹਾਸ ਦੇ ਨਿਰਮਾਣ ਅਤੇ ਸਮਾਜ ਦੇ ਬੁਨਿਆਦੀ ਢਾਂਚੇ ਦੇ ਨੀਂਹ-ਪੱਥਰ ਹਨ, ਜਿਨ੍ਹਾਂ ਨੇ ਵੱਖ-ਵੱਖ ਦੌਰਾਂ ਵਿਚ ਸਮਾਜ ਤੇ ਵਿਵਸਥਾ ਨੂੰ ਖੜ੍ਹਾ ਕੀਤਾ। ਸਾਡੀ ਦੁਨੀਆ ਦੀ ਅੱਜ ਜੋ ਸ਼ਕਲ-ਸੂਰਤ ਹੈ; ਜੋ ਸਫ਼ਲਤਾ ਹੈ, ਉਸ ਪਿੱਛੇ ਬਿਰਤਾਂਤ ਦੀ ਸ਼ਕਤੀ ਕਾਰਜਸ਼ੀਲ ਹੈ। ਸਾਡੇ ਪਰਿਵਾਰ, ਘਰ ਤੇ ਵੱਖ-ਵੱਖ ਸਮਾਜ-ਸਭਿਆਚਾਰਾਂ ਦੀ ਘਾੜਤ ਬਿਰਤਾਂਤਾਂ ਦੁਆਰਾ ਹੋਈ ਹੈ। ਸਮਾਜਕ ਤਰੱਕੀ ਅਤੇ ਟਕਰਾਅ ਦੋਨੋ ਇਨ੍ਹਾਂ ਦੀ ਪੈਦਾਵਰ ਹਨ। ਸਭਿਅਤਾਵਾਂ ਭੇੜਾਂ ਵਿਚੋਂ ਵਿਗਸੀਆਂ ਹਨ। ਹਰ ਸਮੂਹ ਆਪਣੇ ਬਿਰਤਾਂਤਾਂ ਦੁਆਰਾ ਆਪਣੀਆਂ ਧਾਰਨਾਵਾਂ, ਮਾਨਤਾਵਾਂ ਤੇ ਵਿਸ਼ਵਾਸ ਸਥਾਪਿਤ ਕਰਦਾ ਹੈ, ਜੋ ਅਕਸਰ ਦੂਜੇ ਸਮੂਹਾਂ ਦੀਆਂ ਮਾਨਤਾਵਾਂ/ ਆਸਥਾਵਾਂ ਤੇ ਵਿਸ਼ਵਾਸਾਂ ਨਾਲ ਟਕਰਾਉਂਦੇ ਹਨ। ਇਹ ਟਕਰਾਅ ਬਿਰਤਾਂਤਾਂ ਦੀ ਜੰਗ ਹੈ। ਇਹ ਟਕਰਾਅ ਕਈ ਵਾਰ ਸ਼ਬਦਾਂ ਰਾਹੀਂ ਅਤੇ ਕਈ ਵਾਰ ਹਥਿਆਰਾਂ ਰਾਹੀਂ ਹੁੰਦਾ ਰਿਹਾ ਹੈ। ਅਸਲ ਵਿਚ ਇਹ ਠੰਡੀ ਜੰਗ ਹੈ ਤੇ ਕਦੀ-ਕਦੀ ਗਰਮੀ ਵੀ ਫੜ੍ਹ ਲੈਂਦੀ ਹੈ। ਦੁਨੀਆਂ ਭਰ ਦੀਆਂ ਲੜਾਈਆਂ ਪਿੱਛੇ ਬਿਰਤਾਂਤ ਹੀ ਹਨ; ਭਾਵ, ਬਿਰਤਾਂਤਾਂ ਦੀ ਜੰਗ ਹਥਿਆਰਾਂ ਵਾਲੀ ਲੜਾਈ ਦੀ ਜੜ੍ਹ ਹੈ। ਬਿਰਤਾਂਤਾਂ ਦੇ ਬਦਲਣ ਨਾਲ ਰਾਜ, ਦੇਸ, ਦੁਨੀਆਂ ਦੇ ਨਕਸ਼ੇ ਬਦਲ ਜਾਂਦੇ ਹਨ।

ਮੈਦਾਨ-ਏ-ਜੰਗ ਵਿਚ ਬੰਬ-ਗੋਲ਼ੀਆਂ ਹਥਿਆਰ ਹਨ, ਵਿਚਾਰਾਂ ਦੀ ਜੰਗ 'ਚ ਹਥਿਆਰ ਬਿਰਤਾਂਤ ਹਨ। ਬਿਰਤਾਂਤਾਂ ਦੀ ਜੰਗ ਲੋਕਾਂ ਦੇ ਮਨਾਂ ਵਿਚ ਲੜੀ ਜਾਂਦੀ ਹੈ। ਇਹ ਵੇਖਣਾ ਕਿੰਨਾ ਦਿਲਚਸਪ ਹੈ ਕਿ ਬਿਰਤਾਂਤ ਕਿਵੇਂ ਲੋਕਾਂ ਨੂੰ ਆਪਣੇ ਆਪ ਸੋਚਣ ਦੀ ਥਾਂ ਆਪਣੇ ਰਾਹੀਂ ਸੋਚਣ ਲਾ ਦਿੰਦੇ ਹਨ ਤੇ ਉਨ੍ਹਾਂ ਨੂੰ ਇਹ ਪਤਾ ਵੀ ਨਹੀਂ ਲਗਦਾ। ਬਿਰਤਾਂਤਾਂ ਰਾਹੀਂ ਝੂਠ ਨੂੰ ਸੱਚ ਤੇ ਸੱਚ ਨੂੰ ਝੂਠ ਬਣਾਇਆ ਜਾਂਦਾ ਹੈ। ਅਸਲ ਤੱਥਾਂ ਨੂੰ ਰੋਲ਼ ਕੇ ਗਲਪ ਸਿਰਜਿਆ ਜਾਂਦਾ ਹੈ। ਅਸਲੀਅਤ ਕੀ ਹੈ, ਇਹ ਭਰਮ ਰਹਿ ਜਾਂਦਾ ਹੈ। ਭਰਮ ਤੇ ਤੱਥ ਦੀ ਖੇਡ ਵਿਚ ਜਨਤਾ ਕੋਲ ਸੱਚ ਨਹੀਂ ਪਹੁੰਚਦਾ। ਤਾਕਤ ਨੂੰ ਬਰਕਰਾਰ ਰੱਖਣ ਲਈ ਮਿਥਾਂ-ਤੱਥਾਂ, ਝੂਠਾਂ-ਸੱਚਾਂ, ਕਥਾ-ਕਹਾਣੀਆਂ ਦੇ ਮਿਸ਼ਰਣ ਨਾਲ ਲੋਕਾਂ ਦੀ ਸੋਚ ਨੂੰ ਬਦਲਿਆ ਅਤੇ ਨਿਯੰਤਰਿਤ ਕੀਤਾ ਜਾਂਦਾ ਹੈ। ਦੇਖਣ ਨੂੰ ਨਿਹੱਥੇ ਜਿਹੇ ਬਿਰਤਾਂਤ ਕਿਵੇਂ ਖ਼ਤਰਨਾਕ ਹਥਿਆਰਾਂ ਜਿੰਨੀ ਸ਼ਕਤੀ ਰੱਖਦੇ ਹਨ ! ਇਹ ਲੋਕਾਂ ਨੂੰ ਇਕਜੁੱਟ/ਜਥੇਬੰਦਕ ਵੀ ਕਰਦੇ ਹਨ ਅਤੇ ਵੰਡਦੇ ਵੀ ਹਨ। ਇਹ ਇਕਜੁੱਟਤਾ ਸਮੂਹਿਕ ਸਮਾਜਕ ਸ਼ਕਤੀ ਦੇ ਰੂਪ ਵਿਚ ਕ੍ਰਾਂਤੀ/ਤਬਦੀਲੀ ਦੀ ਵਾਹਕ ਵੀ ਬਣਦੀ ਹੈ ਅਤੇ ਵੰਡੀਆਂ ਰਾਜਾਂ/ਸਮਾਜਾਂ ਤੇ ਭਾਈਚਾਰਿਆਂ ਨੂੰ ਕਮਜ਼ੋਰ ਵੀ ਕਰਦੀਆਂ ਹਨ ਜੋ ਅਕਸਰ ਹਕੂਮਤਾਂ ਨੂੰ ਰਾਸ ਆਉਂਦੀਆਂ ਹਨ ਤੇ ਉਨ੍ਹਾਂ ਦੇ ਰਾਜ ਦੀ ਉਮਰ ਲੰਮੀ ਕਰਦੀਆਂ ਹਨ।

ਪੰਜਾਬ ਦੀ ਧਰਤੀ ਨੇ ਕਈ ਭੂਗੋਲਿਕ, ਸਿਆਸੀ ਅਤੇ ਸਮਾਜਕ ਉਥਲ-ਪੁਥਲਾਂ ਦੇਖੀਆਂ ਹਨ। ਸਾਮਰਾਜਾਂ ਦਾ ਉਦੈ ਅਤੇ ਪਤਨ, ਬਦਲਦੀਆਂ ਸਰਹੱਦਾਂ, ਧਾਰਮਿਕ/ਸਮਾਜਕ ਤੇ ਰਾਜਸੀ ਲਹਿਰਾਂ ਅਤੇ ਆਧੁਨਿਕ ਲੋਕਤੰਤਰੀ ਰਾਜ ਦੀ ਸਥਾਪਨਾ ਵੇਲ਼ੇ ਤੇ ਬਾਅਦ ਵਿਚ ਹੋਈਆਂ ਵੰਡਾਂ ਨੇ ਪੰਜਾਬ ਦੇ ਪਿੰਡੇ 'ਤੇ ਸਦੀਵੀ ਨਿਸ਼ਾਨ ਛੱਡੇ ਹਨ। ਇਤਿਹਾਸਕ ਤੌਰ 'ਤੇ ਇਹ ਖੇਤਰ ਵੱਖ-ਵੱਖ ਕੌਮਾਂ, ਧਰਮਾਂ ਅਤੇ ਜਾਤਾਂ ਦੇ ਟਕਰਾਅ ਦਾ ਕੇਂਦਰ ਰਿਹਾ ਹੈ, ਜਿਸ ਕਾਰਨ ਹਰ ਮੋੜ 'ਤੇ ਵੱਖ-ਵੱਖ ਸਮੂਹਾਂ ਵੱਲੋਂ ਵੱਖ-ਵੱਖ ਬਿਰਤਾਂਤ ਸਿਰਜੇ ਗਏ। ਇਨ੍ਹਾਂ ਬਿਰਤਾਂਤਾਂ ਨੇ ਪੰਜਾਬ ਦੀ ਪਛਾਣ, ਅਤੀਤ ਤੇ ਵਰਤਮਾਨ ਨੂੰ ਨਿਰੰਤਰ ਪ੍ਰਭਾਵਿਤ ਕੀਤਾ ਹੈ।

ਪੰਜਾਬ ਦੀ ਪਛਾਣ 'ਤਕਸੀਮ ਦਰ ਤਕਸੀਮ' ਦੇ ਨੈਰੇਟਿਵ ਵਜੋਂ ਹੁੰਦੀ ਆਈ ਹੈ। ਇਸੇ ਵਿਚੋਂ ਪੰਜਾਬੀਆਂ ਪੱਲੇ ਬਾਰ-ਬਾਰ ਉਜਾੜਾ ਪਿਆ ਹੈ। ਇਸ ਦੌਰਾਨ ਸੰਤਾਲੀ ਦਾ ਦੁਖਾਂਤ, ਪੰਜਾਬੀ ਸੂਬਾ ਅੰਦੋਲਨ ਤੇ ਛੇਹਾਠ ਦੀ ਵੰਡ, ਨਕਸਲਵਾਦੀ ਅੰਦੋਲਨ, ਹਰੀ ਕ੍ਰਾਂਤੀ, ਵੱਖਰੇ ਸਿੱਖ ਰਾਜ ਦਾ ਸੰਘਰਸ਼, ਅਪਰੇਸ਼ਨ ਬਲਿਊ-ਸਟਾਰ, ਚੁਰਾਸੀ ਦਾ ਕਤਲੇਆਮ ਤੇ ਨੌਜਵਾਨੀ ਦਾ ਘਾਣ ਆਦਿ ਪੰਜਾਬ ਬਿਰਤਾਂਤ ਦੀਆਂ ਅਨੇਕਾਂ ਪਰਤਾਂ ਹਨ। ਇਸੇ 'ਪੰਜਾਬ ਬਿਰਤਾਂਤ' ਦੀ ਸਬ-ਟੈਕਸਟ ਵਿਚ ਪਰਵਾਸ, ਖ਼ੁਦਕਸ਼ੀਆਂ, ਕਰਜ਼ੇ, ਮੁਫ਼ਤਖੋਰੀ, ਨਸ਼ੇਖੋਰੀ ਜਾਂ ਉੜਤੇ ਪੰਜਾਬ ਦੇ ਥੀਮ ਆ ਸ਼ਾਮਲ ਹੁੰਦੇ ਹਨ। ਪੰਜਾਬ ਦੇ ਪ੍ਰਮੁਖ ਰਾਜਨੀਤਕ ਦਲ ਇਨ੍ਹਾਂ ਉਪ-ਬਿਰਤਾਂਤਾਂ ਨੂੰ ਮੁੱਦਾ ਬਣਾ ਕੇ ਆਪਣਾ 'ਬਦਲਾਅ ਜਾਂ ਨਵ-ਪੰਜਾਬ" ਸਿਰਜਣ ਦਾ ਬਿਰਤਾਂਤ ਸਥਾਪਿਤ ਕਰਦੇ ਰਹੇ ਹਨ। ਸੱਤਾ ਬਦਲਦੇ ਰਹੇ ਹਨ। ਸੱਤਾ ਬਦਲਦਿਆਂ ਬਿਰਤਾਂਤਾਂ ਤੇ ਕਾਉਂਟਰ-ਬਿਰਤਾਂਤਾਂ ਦੀ ਪੁਜੀਸ਼ਨ ਵੀ ਬਦਲ ਜਾਂਦੀ ਹੈ। ਇਹ ਅਦਲਾ-ਬਦਲੀ ਦੀ ਗਤੀਸ਼ੀਲ ਪ੍ਰਕਿਰਿਆ ਕਈ ਦਹਾਕਿਆਂ ਤੋਂ ਜਾਰੀ ਹੈ।

ਬਿਰਤਾਂਤ ਸਿਰਫ਼ ਹਾਕਮਾਂ ਦੇ ਦਰਬਾਰਾਂ 'ਚ ਹੀ ਨਹੀਂ ਸਿਰਜੇ ਜਾਂਦੇ, ਇਹ ਲੋਕਾਂ ਦੇ ਦਿਲਾਂ ਵਿਚ ਵੀ ਜੰਮਦੇ ਹਨ। ਤਾਜ਼ਾ ਬਿਰਤਾਂਤ ਵਿਨੇਸ਼ ਫੋਗਾਟ ਦੀ 'ਤਮਗ਼ੇ' ਵਾਲੀ ਘਟਨਾ ਤੋਂ ਸਮਝਿਆ ਜਾ ਸਕਦਾ ਹੈ, ਜਿਸ ਤੋਂ ਇਹ ਵੀ ਵੇਖਿਆ ਜਾ ਸਕਦਾ ਹੈ ਕਿ ਲੋਕ ਸੰਘਰਸ਼ ਤੇ ਤਬਦੀਲੀ ਦੀਆਂ ਭਾਵਨਾਵਾਂ ਨੂੰ ਕਿਵੇਂ ਹੌਂਸਲਾ ਦੇ ਸਕਦੇ ਹਨ। ਬਿਰਤਾਂਤ ਸਮਾਜ ਵਿਚਲੇ ਵੱਖ-ਵੱਖ ਲੋਕਾਂ ਦੀ ਸਾਂਝੀ ਪਛਾਣ ਦੀ ਵੀ ਵਿਆਖਿਆ ਕਰਦੇ ਹਨ। ਪੰਜਾਬ ਦੇ ਸੰਦਰਭ ਵਿਚ ਕਈ ਐਸੇ ਪ੍ਰਭਾਵਸ਼ਾਲੀ ਬਿਰਤਾਂਤ ਹਨ ਜੋ ਸਿੱਖ, ਹਿੰਦੂ, ਇਸਾਈ ਅਤੇ ਮੁਸਲਮਾਨਾਂ ਦੇ ਆਪਸੀ ਭਾਈਚਾਰਿਆਂ ਦੀ ਮਿਸਾਲ ਪੇਸ਼ ਕਰਦੇ ਹਨ। ਸੰਤਾਲੀ ਦੇ ਫ਼ਸਾਦਾਂ ਵਿਚ ਮਾਨਵੀ ਸਾਂਝ ਨੂੰ ਦਰਸਾਉਂਦੀਆਂ ਅਨੇਕਾਂ ਕਹਾਣੀਆਂ ਪ੍ਰਚਲਿਤ ਹਨ, ਜਿਨ੍ਹਾਂ ਵਿਚ ਦੂਸਰਿਆਂ ਨੂੰ ਬਚਾਉਣ ਲਈ ਆਪਾ ਵਾਰ ਦਿੱਤਾ ਗਿਆ। ਨਫ਼ਰਤੀ ਬਿਰਤਾਂਤਾਂ ਦੇ ਸਾਏ ਹੇਠ ਲਹਿੰਦੇ-ਚੜ੍ਹਦੇ ਪੰਜਾਬ ਦੀ ਆਵਾਮ ਵਿਚ ਅੱਜ ਵੀ ਇਕ-ਦੂਜੇ ਪ੍ਰਤੀ ਮੋਹ ਦੇ ਅਣਗਿਣਤ ਬਿਰਤਾਂਤ ਮਿਲਦੇ ਹਨ। ਸੋ ਬਿਰਤਾਂਤ ਵੰਡਦੇ ਹੀ ਨਹੀਂ, ਜੋੜਦੇ ਵੀ ਹਨ।

ਅਜੋਕੇ ਡਿਜੀਟਲ ਯੁੱਗ ਵਿਚ ਸੋਸ਼ਲ ਮੀਡੀਆ ਰਾਹੀਂ ਬਿਰਤਾਂਤਾਂ ਦੇ ਫੈਲਾਅ ਅਤੇ ਪ੍ਰਭਾਵ ਦੀ ਗਤੀ ਬਹੁਤ ਤੇਜ਼ ਹੋ ਗਈ ਹੈ। ਅਤਿ ਆਧੁਨਿਕ ਸੰਚਾਰ ਮਾਧਿਅਮਾਂ ਦੀ ਤਾਕਤ ਨਾਲ, ਬਿਰਤਾਂਤ ਹੁਣ ਨਾ ਸਿਰਫ਼ ਰਾਜਨੀਤਕ ਚੁਣਾਵਾਂ, ਸਿੱਖਿਆ ਦੇ ਖੇਤਰ, ਕੌਮਾਂਤਰੀ ਜਥੇਬੰਦਕ ਸਬੰਧਾਂ ਦੇ ਕੇਂਦਰ ਵਿਚ ਹੈ, ਸਗੋਂ ਇਹ ਲੋਕਾਂ ਦੇ ਰੋਜ਼ਮਰਾ ਦੇ ਜੀਵਨ 'ਤੇ ਵੀ ਪ੍ਰਭਾਵ ਪਾ ਰਿਹਾ ਹੈ। ਕੁਕੀਜ਼ ਦੀ ਕਰਾਮਾਤ ਰਾਹੀਂ ਸੋਸ਼ਲ ਨੈਟਵਰਕ 'ਤੇ ਹਰ ਬੰਦਾ ਸਰਵੀਲੈਂਸ 'ਤੇ ਲੱਗਾ ਹੈ। ਮੀਡੀਆ ਉਸਦੀ ਜ਼ਿੰਦਗੀ ਵਿਚ ਘੁਸਪੈਠ ਕਰ ਰਿਹਾ ਹੈ। ਉਸਦੀ ਕੋਈ ਪ੍ਰਾਈਵੇਸੀ ਨਹੀਂ ਰਹੀ। ਏਆਈ ਨੇ ਮਨੁੱਖੀ ਦਿਮਾਗ਼ ਵਾਂਗ ਕੁਸ਼ਲਤਾ ਦਿਖਾਉਂਦਿਆਂ ਸਭ ਨੂੰ ਹੈਰਾਨ ਤੇ ਖ਼ੌਫ਼ਜਦਾ ਕਰ ਦਿੱਤਾ ਹੈ। ਇਕ ਖਾਸ ਨੈਰੇਟਿਵ ਨੂੰ ਤਿਆਰ ਕਰਨ ਲਈ ਮੀਡੀਆ ਦੀ ਦੁਰਵਰਤੋਂ ਕਰਦਿਆਂ ਨਕਲੀ ਖ਼ਬਰਾਂ ਰਾਹੀਂ ਮੁਹਿੰਮਾਂ ਨੂੰ ਵਿਸ਼ਵ-ਪੱਧਰ 'ਤੇ ਚਲਾਇਆ ਜਾ ਰਿਹਾ ਹੈ। ਇਸ ਦਹਾਕੇ ਵਿਚ ਵੱਡੇ ਮੀਡੀਆ ਹਾਊਸ ਤੇ ਉਨ੍ਹਾਂ ਦੀ ਪੱਤਰਕਾਰਿਤਾ ਦੀ ਨੈਤਿਕਤਾ ਦਾ ਜੋ ਨਿਘਾਰ ਵੇਖਣ ਨੂੰ ਮਿਲਿਆ ਹੈ ਉਹ ਬੇਹੱਦ ਸ਼ਰਮਸਾਰ ਕਰਨ ਵਾਲਾ ਹੈ। ਡੀਪਫੇਕ ਤਕਨੀਕ ਰਾਹੀਂ ਅਸਲ ਨੂੰ ਤਕਨੀਕੀ ਹੇਰਾਫ਼ੇਰੀ ਕਰਕੇ ਉਲਟ ਤੇ ਸਰਾਸਰ ਗਲਤ ਪੇਸ਼ ਕੀਤਾ ਜਾਣ ਲੱਗਾ ਹੈ। ਤਕਨੀਕੀ ਜਾਗੀਰਦਾਰੀ ਦੇ ਝੂਠ ਦੇ ਪਹਾੜਾਂ ਹੇਠ ਹਕੀਕਤ ਦੱਬਦੀ ਜਾ ਰਹੀ ਹੈ।

ਇਸ ਤਕਨੀਕ ਦੇ ਹਿੰਸਕ ਸਮਿਆਂ ਵਿਚ ਬਿਰਤਾਂਤਾਂ ਦੀ ਜਟਿਲਤਾ ਨੂੰ ਸਮਝਣਾ, ਉਨ੍ਹਾਂ ਦੀ ਨਿਰਮਾਣਕਾਰੀ, ਫੈਲਾਅ ਦੀ ਤਰਕੀਬਾਂ ਅਤੇ ਉਨ੍ਹਾਂ ਦੀ ਭੂਮਿਕਾ ਦਾ ਵਿਸ਼ਲੇਸ਼ਣ ਵਿਸ਼ੇਸ਼ ਮਾਇਨੇ ਰੱਖਦਾ ਹੈ, ਕਿਉਂਕਿ ਇਨ੍ਹਾਂ ਦਾ ਸਬੰਧ ਲੋਕਾਂ ਦੀ ਤਰਜ਼-ਏ-ਜ਼ਿੰਦਗੀ ਨਾਲ ਵੀ ਹੈ, ਇਸ ਲਈ ਜੀਵਨ ਵਿਚ ਇਨ੍ਹਾਂ ਬਿਰਤਾਂਤਾਂ ਦੀ ਪਛਾਣ ਤੇ ਇਨ੍ਹਾਂ ਦੀ ਜੰਗ ਨੂੰ ਸਮਝਣਾ, ਆਮ ਜਨਤਾ ਲਈ ਵੀ ਅਤੇ ਅਜੋਕੇ ਸਮਿਆਂ ਦੀ ਅਕਾਦਮਿਕਤਾ ਲਈ ਜ਼ਰੂਰੀ ਹੋ ਗਿਆ ਹੈ। ਇਨ੍ਹਾਂ ਨੂੰ ਸਮਝ ਕੇ ਵਰਤਮਾਨ ਦੇ ਭਵਿੱਖ ਦੀਆਂ ਚੁਣੌਤੀਆਂ ਨਾਲ ਨਜਿੱਠਿਆ ਜਾ ਸਕਦਾ ਹੈ ਅਤੇ ਇਕ ਸਹਿਣਸ਼ੀਲ ਸਮਾਜ ਦੀ ਸਿਰਜਣਾ ਤੇ ਚੰਗੇ ਭਵਿੱਖ ਦੀ ਕਲਪਨਾ ਕੀਤੀ ਜਾ ਸਕਦੀ ਹੈ। ਸਕਾਰਾਤਮਕ ਨਵੇਂ ਬਿਰਤਾਂਤ ਨਵੇਂ ਸੁਚੱਜੇ ਸਮਾਜ ਦੀ ਨੀਹ ਰੱਖਦੇ ਹਨ ਜੋ ਅਕਸਰ ਲੋਕ ਧਿਰਾਂ ਵੱਲੋਂ ਸਿਰਜੇ ਜਾਂਦੇ ਹਨ। ਬਿਰਤਾਂਤਾਂ ਦੀ ਜੰਗ ਵਿਚ ਅਜਿਹੇ ਬਿਰਤਾਂਤ ਕਈ ਵਾਰ ਝੂਠ ਦੇ ਪਹਾੜਾਂ ਹੇਠਾਂ ਦਬਾ ਦਿੱਤੀ ਹਕੀਕਤ ਨੂੰ ਸਾਡੇ ਸਨਮੁਖ ਲਿਆ ਖੜ੍ਹਾ ਕਰਦੇ ਹਨ ਅਤੇ ਸਹਿਹੋਂਦੀ ਬਦਲਵੇਂ ਪ੍ਰਬੰਧ ਦਾ ਨਿਰਮਾਣ ਕਰਨ ਵਿਚ ਅਹਿਮ ਯੋਗਦਾਨ ਪਾਉਂਦੇ ਹਨ। ਮਾਨਵ ਜਾਤੀ ਦੇ ਸੁਨਹਿਰੇ ਭਵਿੱਖ ਦੀ ਇਸੇ ਆਸ-ਉਮੀਦ ਨਾਲ **ਸੰਵਾਦ** ਆਪਣਾ ਸ਼ਾਨਦਾਰ ਦਹਾਕਾ ਸੰਪੂਰਨ ਕਰਨ 'ਤੇ ਇਸ ਅਹਿਮ ਵਿਸ਼ੇ ਨੂੰ ਚਰਚਾ ਦਾ ਕੇਂਦਰ ਬਣਾਉਂਦਾ ਹੈ।

ਅੱਜਕੱਲ੍ਹ ਪੰਜਾਬ ਦੇ ਆਮ ਲੋਕਾਂ ਵਿਚ ਇਹ ਨਿਰਾਸ਼ਾਵਾਦੀ ਜਿਹਾ ਬਿਰਤਾਂਤ ਬਣਦਾ ਜਾ ਰਿਹਾ ਹੈ ਕਿ 'ਪੰਜਾਬ ਦਾ ਕੁਝ ਨਹੀਂ ਹੋ ਸਕਦਾ', ਭਾਵੇਂ ਕਿਸਾਨ ਅੰਦੋਲਨ ਨੇ ਆਸ-ਉਮੀਦਾਂ ਵਾਲਾ ਇਕ ਮਜ਼ਬੂਤ ਬਿਰਤਾਂਤ ਮੁੜ-ਸੁਰਜੀਤ ਕੀਤਾ ਹੈ। ਹੁਣ ਪੰਜਾਬ ਨਵੇਂ ਬਿਰਤਾਂਤ ਦੀ ਤਲਾਸ਼ ਵਿਚ ਹੈ।

**ਸੰਵਾਦ** ਇਸ ਵਰਤਾਰੇ ਨੂੰ ਨਿਰੰਤਰ ਸਮਝਣ ਦੇ ਯਤਨ ਵਿਚ ਹੈ।

-ਸੰਪਾਦਕ